**Code No. 7260**

*Roll No.* ………………………..

***SET : C***

# D. El. Ed. 2nd Year Exam., September – 2025

## Pedagogy of Punjabi Language

## पंजाबी भाषा का अध्यापन

**(Course Code : DE-210)**

(Only for Fresh/Re-appear Candidates)

**[ Evening Session ]**

*Time : 2 Hours ]* *[ Max. Marks : 35*

*समय : 2 घण्टे ]* *[ अधिकतम अंक : 35*

*सामान्य निर्देश :*

*(i)* *कृपया जाँच कर लें कि इस प्रश्न-पत्र में मुद्रित पृष्ठ 7 तथा प्रश्न 21 हैं।*

*(ii)* *प्रश्न-पत्र में दाहिने हाथ की ओर दिये गये **कोड नम्बर** तथा **सेट** को छात्र उत्तर-पुस्तिका के मुख्य-पृष्ठ पर लिखें।*

*(iii)* *कृपया प्रश्न का उत्तर लिखना शुरू करने से पहले, प्रश्न का क्रमांक अवश्य लिखें।*

*(iv)* *उत्तर-पुस्तिका के बीच में खाली पन्ना/पन्ने न छोड़ें।*

*(v)* *उत्तर-पुस्तिका के अतिरिक्त कोई अन्य शीट नहीं मिलेगी। अतः आवश्यकतानुसार ही लिखें और लिखा उत्तर न काटें।*

*(vi)* *परीक्षार्थी अपना रोल नं० प्रश्न-पत्र पर अवश्य लिखें। रोल नं० के अतिरिक्त प्रश्न-पत्र पर अन्य कुछ भी न लिखें और वैकल्पिक प्रश्नों के उत्तरों पर किसी प्रकार का निशान न लगाएँ।*

*(vii)* *कृपया प्रश्नों का उत्तर देने से पूर्व सुनिश्चित कर लें कि प्रश्न-पत्र पूर्ण व सही है,* ***परीक्षा के उपरान्त इस सम्बन्ध में कोई दावा स्वीकार नहीं किया जायेगा।***

*(viii)* ***सभी प्रश्न अनिवार्य हैं।***

*(ix)* *3 अंक के प्रत्येक प्रश्न का उत्तर लगभग 50 शब्दों में तथा 5 अंक के प्रश्न का उत्तर लगभग 75 शब्दों में दीजिए।*

---

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

## ਯੂਨਿਟ – ਪਹਿਲਾ

**1.** ਕਵਿਤਾ ਦਾ ਸੰਬੰਧ ਹੈ : 1

(ੳ) ਵਿਚਾਰਾਂ ਨਾਲ

(ਅ) ਮਨੁੱਖੀ ਹਿਰਦੇ ਦੇ ਵਲਵਲਿਆਂ ਨਾਲ

(ੲ) ਅਭਿਨੈ ਨਾਲ

(ਸ) ਤਰਕ ਨਾਲ

**2.** ਬੁੱਧੀ ਭਾਵ ਦਿਮਾਗ ਦੀ ਰਚਨਾ ਹੈ : 1

(ੳ) ਵਾਰਤਕ

(ਅ) ਕਵਿਤਾ

(ੲ) ਨਾਟਕ

(ਸ) ਇਹਨ੍ਹਾਂ ਵਿੱਚੋਂ ਕੋਈ ਵੀ ਨਹੀਂ

3. ਵਾਰਤਕ ਸਿੱਖਿਆ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਕਿਹੜੀ ਪ੍ਰਣਾਲੀ ਯਕੀਨੀ ਬਣਾਉਂਦੀ ਹੈ? 1

(ੳ) ਗੀਤ ਅਤੇ ਨਾਟ ਪ੍ਰਣਾਲੀ

(ਅ) ਸ਼ਬਦਾਰਥ ਪ੍ਰਣਾਲੀ

(ੲ) ਬਿਰਤਾਂਤ ਪ੍ਰਣਾਲੀ

(ਸ) 'ੳ' ਅਤੇ 'ਅ' ਦੋਵੇਂ ਹੀ ਠੀਕ ਹਨ

4. "ਕਵਿਤਾ ਬਹੁਤ ਹੱਦ ਤੱਕ ਮਨ-ਉਡਾਰੀ ਦਾ ਪ੍ਰਗਟਾਵਾ ਹੈ।" ਇਹ ਕਥਨ ਕਿਸ ਵਿਦਵਾਨ ਦਾ ਹੈ? 1

(ੳ) ਹਡਸਨ

(ਅ) ਅਰਨੌਲਡ

(ੲ) ਵਰਡਜ਼ਵਰਥ

(ਸ) ਸ਼ੈਲੇ

5. ਕਵਿਤਾ ਸਿੱਖਿਆ ਦੇ ਮੁੱਖ ਮੰਤਵ ਕੀ ਹਨ? ਪ੍ਰਾਇਮਰੀ ਸਕੂਲ ਪੱਧਰ ਉੱਤੇ ਕਵਿਤਾ ਸਫ਼ਲ ਢੰਗ ਨਾਲ ਕਿਵੇਂ ਪੜ੍ਹਾਈ ਜਾ ਸਕਦੀ ਹੈ? 3

6. ਵਾਰਤਕ ਸਿੱਖਿਆ ਵਿੱਚ ਸਵੈ ਅਧਿਐਨ ਵਿਧੀ ਦੀ ਭੂਮਿਕਾ ਬਾਰੇ ਚਰਚਾ ਕਰੋ। 3

## ਯੂਨਿਟ – ਦੂਜਾ

7. ਪੰਜਾਬੀ ਵਿੱਚ ਅੱਖਰਾਂ ਨੂੰ ਕਿਵੇਂ ਉਚਾਰਿਆ ਜਾਂਦਾ ਹੈ? 1

(ੳ) ਗੱਲਬਾਤ ਦੇ ਅਨੁਸਾਰ

(ਅ) ਅਧਿਆਪਕ ਦੇ ਅਨੁਸਾਰ

(ੲ) ਲੇਖਕ ਦੇ ਅਨੁਸਾਰ

(ਸ) ਉਚਾਰਨ ਵਿਧੀ ਦੇ ਨਿਯਮਾਂ ਅਨੁਸਾਰ

**8.** ਦੈਨਿਕ ਡਾਇਰੀ ਲਿਖਣ ਦਾ ਮੁੱਖ ਉਦੇਸ਼ ਕੀ ਹੈ? 1

(ੳ) ਆਪਣੀਆਂ ਯਾਦਾਂ ਸੰਭਾਲਣ ਅਤੇ ਵਿਚਾਰ ਸਾਂਝੇ ਕਰਨ ਲਈ।

(ਅ) ਕਹਾਣੀ ਬਣਾਉਣ ਲਈ।

(ੲ) ਸਿਰਫ਼ ਅੱਖਰ ਲਿਖਣ ਦਾ ਅਭਿਆਸ ਕਰਨ ਲਈ।

(ਸ) ਸਾਰੇ ਹੀ ਠੀਕ ਹਨ।

**9.** ਸ਼ਬਦ ਚਿੱਤਰਾਂ ਦੀ ਵਰਤੋਂ ਵਿੱਚ ਅਧਿਆਪਕਾਂ ਨੂੰ ਕਿਹੜੀਆਂ ਚੁਣੌਤੀਆਂ ਆ ਸਕਦੀਆਂ ਹਨ? 3

**10.** ਲਿਖਣ ਦੀ ਕੁਸ਼ਲਤਾ ਤੋਂ ਤੁਹਾਡਾ ਕੀ ਭਾਵ ਹੈ? ਲਿਖਣਾ ਸਿਖਾਉਣ ਦੀਆਂ ਵਿਧੀਆਂ ਉੱਪਰ ਚਾਨਣਾ ਪਾਓ। 5

**ਜਾਂ**

ਪਾਠ-ਪੁਸਤਕ ਦੀ ਚੋਣ ਕਰਨ ਵੇਲੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

## ਯੂਨਿਟ – ਤੀਜਾ

**11.** ਰਚਨਾਤਮਕ ਮੁਲਾਂਕਣ ਦਾ ਮੁੱਖ ਲੱਛਣ ਕੀ ਹੈ? 1

(ੳ) ਇਹ ਲਚੀਲਾ ਅਤੇ ਲਗਾਤਾਰ ਹੁੰਦਾ ਹੈ।

(ਅ) ਇਹ ਸਾਲ ਦੇ ਅਖੀਰ ਵਿੱਚ ਹੁੰਦਾ ਹੈ।

(ੲ) ਇਹ ਸੰਕਲਿਤ ਅਤੇ ਅੰਕ-ਅਧਾਰਿਤ ਹੁੰਦਾ ਹੈ।

(ਸ) ਇਹ ਸਿਰਫ਼ ਪ੍ਰੀਖਿਆ ਲਈ ਵਰਤਿਆ ਜਾਂਦਾ ਹੈ।

**12.** ਵਸਤੂ-ਨਿਸ਼ਠ ਪ੍ਰੀਖਿਆ ਦੇ ਸੰਦਰਭ ਵਿੱਚ ਅਸੰਗਤ ਹੈ : 1

(ੳ) ਬਹੁਗਿਣਤੀ ਚੋਣ ਵਾਲੇ ਪ੍ਰਸ਼ਨ ਪੁੱਛਣਾ

(ਅ) ਸੱਚ-ਝੂਠ ਦੇ ਪ੍ਰਸ਼ਨ ਪੁੱਛਣਾ

(ੲ) ਖਾਲੀ ਥਾਵਾਂ ਭਰਵਾਉਣਾ

(ਸ) ਲੰਬੇ ਨਿਬੰਧ ਲਿਖਵਾਉਣਾ

**13.** ਨਿਰੀਖਣ ਤੋਂ ਭਾਵ ਹੈ : 1

(ੳ) ਪ੍ਰਸ਼ਨ ਪੁੱਛ ਕੇ ਜਾਣਕਾਰੀ ਲੈਣ ਦੀ ਕਲਾ

(ਅ) ਲਿਖਤ ਰੂਪ ਵਿੱਚ ਟੈਸਟ ਲੈਣਾ

(ੲ) ਵਿਹਾਰ, ਕੌਸ਼ਲ ਜਾਂ ਗਤੀਵਿਧੀਆਂ ਨੂੰ ਧਿਆਨ ਨਾਲ ਵੇਖਣਾ

(ਸ) ਮੌਖਿਕ ਪ੍ਰਸ਼ਨ ਕਰਨਾ

**14.** ਕਿਹੜੀ ਵਿਧੀ ਵਿਸ਼ਾ-ਵਸਤੂ ਅਨੁਸਾਰ ਅੰਕ ਨਿਰਧਾਰਨ ਦਾ ਹਿੱਸਾ ਨਹੀਂ ਹੈ? 1

(ੳ) ਅੰਕ ਯੋਜਨਾ ਬਣਾਉਣਾ

(ਅ) ਪ੍ਰਸ਼ਨ ਪੱਤਰ ਨੂੰ ਸੰਤੁਲਿਤ ਰੱਖਣਾ

(ੲ) ਇੱਕ ਵਿਭਾਗ ਉੱਤੇ ਧਿਆਨ ਕੇਂਦਰਿਤ ਕਰਨਾ

(ਸ) ਸਾਰੇ ਵਿਭਾਗਾਂ ਨੂੰ ਅਹਿਮ ਮਾਨਣਾ

**15.** ਪ੍ਰਸ਼ਨ-ਪੱਤਰ ਸਮੱਗਰੀ ਦੀ ਚੋਣ ਕਿਸ ਆਧਾਰ ਉੱਤੇ ਕੀਤੀ ਜਾਂਦੀ ਹੈ? 1

(ੳ) ਅਧਿਆਪਕਾਂ ਦੀ ਪਸੰਦ

(ਅ) ਪਾਠਕ੍ਰਮ, ਸਿੱਖਿਆ ਉਦੇਸ਼ਾਂ ਅਤੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਕੂਲ

(ੲ) ਸਕੂਲ ਦੇ ਨਿਯਮਾਂ ਅਨੁਸਾਰ

(ਸ) ਉਪਰੋਕਤ ਸਾਰੇ ਹੀ ਠੀਕ ਹਨ।

**16.** ਨਿਰੰਤਰ-ਵਿਆਪਕ ਮੁਲਾਂਕਣ ਤੋਂ ਕੀ ਭਾਵ ਹੈ? ਸਪੱਸ਼ਟ ਕਰੋ। 3

## ਯੂਨਿਟ – ਚੌਥਾ

**17.** ਦੀਰਘ ਪਾਠ-ਯੋਜਨਾ ਵਿੱਚ ਵਿਦਿਆਰਥੀ-ਅਧਿਆਪਕਾਂ ਨੂੰ ਕਿਸ ਗੱਲ ਦੀ ਸਿਖਲਾਈ ਦਿੱਤੀ ਜਾਂਦੀ ਹੈ? 1

(ੳ) ਅਧਿਆਪਨ ਕੌਸ਼ਲਾਂ ਦੇ ਸੰਗਠਨ ਦੀ

(ਅ) ਪੜ੍ਹਾਈ ਲਿਖਾਈ ਦੀ

(ੲ) ਪ੍ਰਸ਼ਨ-ਉੱਤਰ ਲਿਖਣ ਦੀ

(ਸ) ਸਾਧਨ ਬਣਾਉਣ ਦੀ

**18.** ਸਹਾਇਕ ਸਮੱਗਰੀ ਦੀਆਂ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਨਹੀਂ ਹੈ : 1

(ੳ) ਵਿਦਿਆਰਥੀ-ਕੇਂਦਰਿਤ ਸਿੱਖਿਆ

(ਅ) ਅਧਿਆਪਕ ਲਈ ਅਨੁਕੂਲ

(ੲ) ਵਿਦਿਆਰਥੀਆਂ ਦੀ ਇਕਾਗਰਤਾ ਵਿੱਚ ਰੁਕਾਵਟ

(ਸ) ਸਿੱਖਣ ਵਿੱਚ ਦਿਲਚਸਪੀ

**19.** ਫਲੈਸ਼ ਕਾਰਡ ਕਿਸ ਤਰ੍ਹਾਂ ਦੇ ਸਹਾਇਕ ਸਾਧਨਾਂ ਵਿੱਚ ਸ਼ਾਮਿਲ ਹਨ? 1

(ੳ) ਸ੍ਰੋਤ ਸਹਾਇਕ ਸਾਧਨ

(ਅ) ਦ੍ਰਿਸ਼ਟੀ ਸਹਾਇਕ ਸਾਧਨ

(ੲ) ਦ੍ਰਿਸ਼ਟੀ-ਸ੍ਰੋਤ ਸਹਾਇਕ ਸਾਧਨ

(ਸ) ਡਿਜੀਟਲ ਸਾਧਨ

**20.** ਪਾਠ-ਯੋਜਨਾ ਦੀਆਂ ਪ੍ਰਮੁੱਖ ਕਿਸਮਾਂ ਕਿਹੜੀਆਂ ਹਨ? 1

(ੳ) ਵਾਰਸ਼ਿਕ ਪਾਠ-ਯੋਜਨਾ

(ਅ) ਇਕਾਈ ਪਾਠ-ਯੋਜਨਾ

(ੲ) ਦੈਨਿਕ ਪਾਠ-ਯੋਜਨਾ

(ਸ) ਉਪਰੋਕਤ ਸਾਰੇ ਹੀ ਠੀਕ ਹਨ

**21.** ਸੱਤਵੀਂ ਕਲਾਸ ਦੀ ਪੰਜਾਬੀ ਪਾਠ-ਪੁਸਤਕ ਵਿੱਚੋਂ ਆਪਣੀ ਪਸੰਦੀਦਾ ਕਹਾਣੀ ਉੱਤੇ ਵਿਵਸਥਿਤ ਪਾਠ-ਯੋਜਨਾ ਤਿਆਰ ਕਰੋ। 3

---